# ਯਥਾਰਥਵਾਦ (Realism)

ਯਥਾਰਥਵਾਦ ਜਾਂ ਅਸਲਵਾਦ ਦਾ ਪ੍ਰਵੇਸ਼ ਸਾਹਿਤ ਸੰਸਾਰ ਅੰਦਰ ਇਕ ਇਨਕਲਾਬੀ ਘਟਨਾ ਬਣਿਆ ਜਿਸ ਨੇ ਸਾਹਿ
ਕਾਰੀ ਨੂੰ ਆਦਰਸ਼ਵਾਦੀ, ਅਤਿ-ਯਥਾਰਥਕ ਤੇ ਅਤਿ-ਵਿਗਿਆ
ਪਹੁੰਚ ਤੋਂ ਆਜ਼ਾਦ ਕਰਾ ਕੇ ਯਥਾਰਥਕ ਤੇ ਵਿਗਿਆਨਿਕ ਲੀਹਾਂ ਤੇ ਤੋਰਿਆ।

ਯਥਾਰਥਵਾਦ / ਅਸਲਵਾਦ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Realism' ਦਾ ਪੰਜਾਬੀ ਰੂਪਾਂਤਰਨ ਹੈ। ਯਥਾਰਥਵਾ
ਦੋ ਸ਼ਬਦਾਂ 'ਯਥਾ' + 'ਅਰਥ' ਦਾ ਸੰਜੋਗੀ ਸ਼ਬਦ ਹੈ। ਜਿਸਦਾ ਅਰਥ ਹੈ, ਜਿਵੇਂ ਹੈ, ਸਾਹਿਤ ਵਿੱਚ ਜੀਵਨ ਦੇ ਸੱਚ ਦੀ ਪੇਸ਼ਕਾ
ਯਥਾਰਥਵਾਦ ਅਖਵਾਉਂਦੀ ਹੈ।

ਡਾ. ਰੋਸ਼ਨ ਲਾਲ ਅਹੂਜਾ ਅਨੁਸਾਰ,

> "ਯਥਾਰਥਵਾਦ ਲਈ ਇਹ ਸਾਰਾ ਵਿਸ਼ਵ ਇਕ ਜੰਤਰ ਰਚਨਾ ਹੈ। ਇਹ ਇਤਨੀ ਵੱਡੀ, ਵਿਸ਼ਾਲ ਤੇ ਪੇਚੀਦਾ ਰਚਨਾ ਹੈ ਕਿ ਕਲਪਨਾ ਇਸ ਦਾ ਅਨੁਮਾਨ ਹੀ ਨਹੀਂ ਕਰ ਸਕਦੀ, ਤੇ ਨਾ ਹੀ ਬੁੱਧੀ ਇਸ ਦੀ ਗਤੀ ਵਿਚ ਕੋਈ ਮਤਲਬ, ਉਦੇਸ਼ ਜਾਂ ਸਦਾਚਾਰ ਵੇਖਦੀ ਹੈ।"

(ਸਾਹਿਤ ਸ਼ਾਸਤਰ / 134)

ਯਥਾਰਥਵਾਦ ਤੋਂ ਪਹਿਲਾਂ ਸਾਹਿਤ ਰਚਨਾ ਲਈ ਸਨਾਤਨੀ ਤੇ ਰੋਮਾਂਸਵਾਦੀ ਦ੍ਰਿਸ਼ਟੀਆਂ ਸਿਧਾਂਤਕ ਸੇਧ ਵਜੋਂ ਸਥਾਪਿਤ ਸਨ। ਪਰ ਸਨਾਤਨਵਾਦ ਨੇ ਜਿੱਥੇ ਆਪਣੇ ਆਦਰਸ਼ਾਂ ਦੀ ਪਾਲਣਾ ਨੂੰ ਅਨਿਵਾਰੀ ਐਲਾਨ ਕੇ ਸਾਹਿਤਕਾਰੀ ਨੂੰ ਤੰਗ, ਸੰਕੁਚਿਤ ਤੇ ਸੀਮਿਤ ਦਾਇਰੇ ਅੰਦਰ ਵਿਚਰਨ ਲਈ ਮਜਬੂਰ ਕੀਤਾ, ਉਥੇ ਰੋਮਾਂਸਵਾਦ ਪੂਰੀ ਤਰ੍ਹਾਂ ਅਵਾਸਤਵਿਕ ਤੇ ਅਤਿ-

ਜਥਾਰਥਕ ਪਹੁੰਚ ਦਾ ਧਾਰਨੀ ਸੀ। ਇਸ ਕਰਕੇ ਸਨਾਤਨੀਆਂ ਦੇ ਆਦਰਸ਼ਵਾਦੀ ਬਿਰਤੀ ਤੇ ਰੁਮਾਂਸਵਾਦੀਆਂ ਦੀ ਜੀਵਨ ਪ੍ਰਤੀ ਅਣ-ਜਥਾਰਥਕ ਤੇ ਭਾਂਜਵਾਦੀ ਪਹੁੰਚ ਵਿਰੁੱਧ ਇੱਕ ਤਿੱਖੇ ਪ੍ਰਤੀਕਰਮ ਵਜੋਂ ਜਥਾਰਥਵਾਦ ਹੋਂਦ ਵਿਚ ਆਇਆ।

ਪਦਾਰਥ ਦੀ ਸਮਾਵੇਸ਼

ਜਥਾਰਥਵਾਦੀ ਪ੍ਰਕਿਰਿਆ ਉਸ ਸਮੇਂ ਸਾਕਾਰ ਹੋਈ ਜਦ ਇਤਿਹਾਸ ਦੇ ਇਕ ਵਿਸ਼ੇਸ਼ ਪੜਾ ਮਨੁੱਖੀ ਚਿੰਤਨ ਵਿਚ ਪਦਾਰਥਵਾਦੀ ਦਰਸ਼ਨ ਦਾ ਸਮਾਵੇਸ਼ ਹੋਇਆ। ਜਿਸ ਨੇ 'ਸੱਤ' ਦੇ ਪ੍ਰਚਲਿਤ ਸਿਧਾਂਤ ਨੂੰ ਖਾਰਜ ਕਰਦਿਆ ਪਰਾਭੌਤਿਕ ਸ਼ਕਤੀ ਦੀ ਥਾਂ ਸ੍ਰਿਸ਼ਟੀ ਦੀ ਕੁੱਲ ਸਿਰਜਣ ਦਾ ਮੂਲ ਪਦਾਰਥ, ਨੂੰ ਸਿੱਧ ਕਰਦਿਆਂ ਇਸ ਨੂੰ ਆਦਿ ਅਨਾਦਿ ਸੱਤ (ਸੱਚ) ਦੇ ਰੂਪ ਵਿਚ ਪੇਸ਼ ਕੀਤਾ।

ਡਾ. ਸੁਖਵਿੰਦਰ ਸਿੰਘ ਅਨੁਸਾਰ,

> "ਸੱਤ ਦੀ ਇਹ ਹੋਂਦ ਕਦੇ ਮਰਦੀ ਨਹੀਂ ਬਲਕਿ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਕੇ ਆਪਣੇ ਪਹਿਲੇ ਰੂਪ ਤੋਂ ਨਵੇਂ ਰੂਪ ਵਿੱਚ ਤਬਦੀਲ ਹੋ ਜਾਂਦੀ ਹੈ, ਇਸ ਤਰ੍ਹਾਂ ਪਦਾਰਥ ਦਾ ਨਾਸ਼ ਨਹੀਂ ਹੁੰਦਾ ਬਲਕਿ ਉਸ ਦਾ ਰੂਪ ਵਟਦਾ ਹੈ।"

(ਸਾਹਿਤ ਵਿਧਾਨ / 56)

ਸਪੱਸ਼ਟ ਹੈ ਕਿ ਪਦਾਰਥਵਾਦੀ ਚਿੰਤਨ ਦ੍ਰਿਸ਼ਟੀ ਨੇ 'ਸੱਤ' ਨੂੰ ਨਵੇਂ ਤੇ ਵਿਗਿਆਨਿਕ ਆਧਾਰ ਤੇ ਪਰਿਭਾਸ਼ਤ ਕਰਦਿਆਂ ਇਸ ਦੇ ਪੂਰਬਲੇ ਸੰਕਲਪ ਨੂੰ ਪੂਰੀ ਤਰ੍ਹਾਂ ਤਬਦੀਲ ਕਰ ਦਿੱਤਾ ਹੈ। ਇਸ ਪ੍ਰਭਾਵ ਥੱਲੇ ਸਾਹਿਤ ਖੇਤਰ ਅੰਦਰ ਜੋ ਦ੍ਰਿਸ਼ਟੀ ਵਿਕਸਿਤ ਹੋਈ ਉਹ ਹੀ ਜਥਾਰਥਵਾਦ ਅਖਵਾਈ।

ਜਥਾਰਥਵਾਦ ਸ਼ਬਦ ਦੀ ਵਰਤੋਂ ਦੇ ਸਵਾਲ ਦੇ ਪੱਖੋਂ ਵੇਖੀਏ ਤਾਂ ਇਸ ਦਾ ਪ੍ਰਥਮ ਪ੍ਰਯੋਗ ਚਿਤਰ ਕਲਾ ਦੇ ਖੇਤਰ ਵਿਚ ਉਸ ਵੇਲੇ ਹੋਇਆ ਜਦ 1855 ਈ. ਵਿਚ 'ਜ਼ਿਊਲਸ ਹਸੋਂ' ਨੇ ਕੂਰਬੇ ਦੀ ਚਿਤਰਕਾਰੀ ਦੀ ਨਵੀਨ ਸ਼ੈਲੀ ਦੀ ਵਿਲੱਖਣਤਾ ਨੂੰ 'ਜਥਾਰਥਵਾਦ' ਸ਼ਬਦ ਰਾਹੀਂ ਵਿਅਕਤ ਕੀਤਾ। ਇਸ ਪਿਛੋਂ 1856 ਈ. ਵਿਚ 'ਫਲਾਬੇਅਰ' ਦੇ ਨਾਵਲ 'ਮਾਦਾਮ ਬਾਵੇਰੀ' ਅਤੇ ਐਡਮੰਡ ਦੁਰਾਂਦੀ ਦੇ ਸਾਹਿਤਕ ਪੱਤਰ 'ਰੀਅਲਿਜ਼ਮ' ਨੇ ਸਾਹਿਤ ਕਲਾ ਅੰਦਰ ਇਸ ਵਿਸ਼ੇਸ਼ ਉਕਤੀ ਨੂੰ ਮੁੱਢਲੇ ਤੌਰ ਤੇ ਪਰਿਚਿਤ ਕਰਾਇਆ। ਇੰਞ (1855-56 ਵਿਚ ਫਰਾਂਸ ਤੋਂ ਸ਼ੁਰੂ ਹੋਇਆ 'ਜਥਾਰਥਵਾਦ' ਸੰਸਾਰ ਪੱਧਰ ਤੇ ਇਕ ਸਾਹਿਤਕ ਲਹਿਰ ਵਜੋਂ ਸਥਾਪਿਤ ਹੋਇਆ।

ਜਥਾਰਥਵਾਦੀ ਸਾਹਿਤ ਦਾ ਚੇਤੰਨ ਸਿਰਜਨ ਸਮਾਜਿਕ ਵਿਕਾਸ ਦੇ ਇਕ ਵਿਸ਼ੇਸ਼ ਪੜਾ ਉਤੇ ਹੀ ਸੰਭਵ ਸੀ, ਭਾਵੇਂ ਇਕ ਸਹਿਜਭਾਵੀ ਪ੍ਰਵਿਰਤੀ ਵਜੋਂ ਜਥਾਰਥ ਆਦਿ ਕਾਲ ਦੇ ਸਾਹਿਤ ਵਿਚ ਵੀ ਮੌਜੂਦ ਸੀ।
ਬੋਰਿਸ ਸੁਚੋਵ ਦੀ ਧਾਰਨਾ ਅਨੁਸਾਰ,

> "ਪਰੰਤੂ ਜਥਾਰਥਵਾਦੀ ਸਾਹਿਤ ਵਿੱਚ ਦੇਵੀ ਦੇਵਤਿਆਂ ਅਤੇ ਭੂਤ-ਪ੍ਰੇਤਾਂ ਦੇ ਜਿਹੜੇ ਬਿੰਬ ਚਿਤਰ ਪ੍ਰਾਪਤ ਹਨ, ਉਹ ਜਥਾਰਥ ਤਾਂ ਭਾਵੇਂ ਨਹੀਂ ਸਨ, ਪਰ ਉਨਾਂ ਦਾ ਆਧਾਰ ਜ਼ਰੂਰ ਜਥਾਰਥਕ ਹੈ।

(ਖੋਜ ਪੱਤ੍ਰਿਕਾ : ਸਾਹਿਤਕ ਵਾਦ ਅੰਕ 32/8)

ਜਮਾਤੀ ਵਿਰੋਧ ਨੂੰ ਸਪਸ਼ਟ ਕਰਨਾ

ਜਥਾਰਥਵਾਦੀ ਸਾਹਿਤ ਜਮਾਤੀ ਸਮਾਜ ਵਿਚਲੇ ਜਮਾਤੀ ਹਿੱਤਾਂ ਦੇ ਦ੍ਰਿਸ਼ਟੀ ਕੇਂਦਰਿਤ ਕਰਕੇ, ਹਿੱਤਾਂ ਦੇ ਟਕਰਾ ਵਿਚੋਂ ਪੈਦਾ ਹੋਣ ਵਾਲੇ ਜਮਾਤੀ ਵਿਰੋਧ ਨੂੰ ਸਪਸ਼ਟ ਕਰਨ ਦੀ ਉਚੇਚੀ ਕੋਸ਼ਿਸ਼ ਕਰਦਾ ਹੈ। ਜਥਾਰਥਵਾਦੀ ਅਜਿਹੇ ਵਿਸ਼ਵਾਸ਼

ਨੂੰ ਵੀ ਨਾਲ ਲੈ ਕੇ ਤੁਰਦੇ ਹਨ ਕਿ ਜਮਾਤੀ ਸਮਾਜ ਦਾ ਢਹਿ ਢੇਰੀ ਹੋਣਾ ਤੇ ਜਮਾਤ ਰਹਿਤ ਸਮਾਜ ਦਾ ਹੋਂਦ ਵਿਚ ਆਉਣਾ ਯਕੀਨੀ ਹੈ। ਅਜਿਹੇ ਸਮਾਜ ਦੀ ਸਿਰਜਣਾ ਹੀ ਕਿਰਤੀ ਜਮਾਤ ਦੇ ਤਮਾਮ ਦੁੱਖਾਂ, ਮੁਸੀਬਤਾਂ ਤੇ ਸਮੱਸਿਆਵਾਂ ਦਾ ਹੱਲ ਹੈ।

ਡਾ. ਸੁਖਵਿੰਦਰ ਸਿੰਘ ਅਨੁਸਾਰ,

> "ਯਥਾਰਥਵਾਦੀ ਸਾਹਿਤਕਾਰ ਪ੍ਰਾਪਤ ਯਥਾਰਥ ਤੋਂ ਅਪ੍ਰਾਪਤ ਸੰਭਾਵੀ ਯਥਾਰਥ ਦਾ ਚਿਤਰ ਉਲੀਕਣ ਵੱਲ ਰੁਚਿਤ ਰਹਿੰਦਾ ਹੈ। ਪਰਿਵਰਤਨ ਵਿਚ ਭਰੋਸਾ ਰੱਖਣ ਦੀ ਇਹ ਪ੍ਰਵਿਰਤੀ ਇਸ ਦੇ ਆਸ਼ਾਵਾਦੀ ਹੋਣ ਦਾ ਸਪਸ਼ਟ ਸੰਕੇਤ ਹੈ।

ਯਥਾਰਥਵਾਦ ਇਕ ਅਜਿਹੀ ਚਿੰਤਨ ਪੱਧਤੀ ਹੈ ਜਿਸ ਅਨੁਸਾਰ (ਕਲਾਕਾਰ ਨੂੰ ਜੀਵਨ ਦੇ ਯਥਾਰਥ ਰੂਪ ਦਾ ਅੰਕਣ) ਕਰਨਾ ਚਾਹੀਦਾ ਹੈ। ਅਸਲੀਅਤ ਦਾ ਧਾਰਨੀ ਹੋਣ ਕਰਕੇ ਇਸ ਨੂੰ ਮੋਟੇ ਤੌਰ ਤੇ ਆਦਰਸ਼ਵਾਦ ਦਾ ਵਿਰੋਧੀ ਸਿਧਾਂਤ ਮੰਨਿਆ ਜਾਂਦਾ ਹੈ।

ਡਾ. ਰਣਧੀਰ ਸਿੰਘ ਚੰਦ ਅਨੁਸਾਰ,

> "ਯਥਾਰਥਵਾਦ ਮਨੁੱਖ ਦੀਆਂ ਕਮਜ਼ੋਰੀਆਂ ਤੇ ਕਰੂਪਤਾਵਾਂ ਦਾ ਭਰਪੂਰ ਚਿਤਰਣ ਕਰਦਾ ਹੈ। ਇਹੋ ਕਾਰਣ ਹੈ ਕਿ ਇਕ ਯਥਾਰਥਵਾਦੀ ਕਲਾਕਾਰ ਸੁੰਦਰ ਅੰਸ਼ ਨਾਲੋਂ ਅਸੁੰਦਰ ਪੱਖ ਨੂੰ ਵਧੇਰੇ ਚਿਤਰਦਾ ਹੈ।

(ਯਥਾਰਥਵਾਦ, ਸਮੀਖਿਆ ਸ਼ਾਸਤਰ/ )

ਗਹੁ ਨਾਲ ਵੇਖਿਆ ਜਾਵੇ ਤਾਂ ਯਥਾਰਥਵਾਦ ਸੁਧਾਰਕ ਸਾਹਿਤ ਦਾ ਸਭ ਤੋਂ ਤਕੜਾ ਹਥਿਆਰ ਹੈ। ਕਿਸੇ ਵੀ ਸਮਾਜਿਕ

ਸਮਾਜਿਕਤਾ ਦਾ ਪ੍ਰਭਾਵ ਪਾਠਕ ਦੇ ਮਨ ਵਿਚ ਉਪਜਾਉਂਦਾ

ਵਿਰੁੱਧ ਵਿਦਰੋਹ ਵਾਲੇ ਸਾਹਿਤਕਾਰ ਉਸਦਾ ਯਥਾਰਥ ਚਿੱਤਰ ਪੇਸ਼ ਕਰਦਾ ਹੈ। ਇਸ ਤਰ੍ਹਾਂ ਉਹ ਸਮਾਜਿਕਤਾ ਦੀ ਸ਼ਰਤ ਪੂਰੀ ਕਰਨ ਦੇ ਨਾਲ ਨਾਲ ਪਾਠਕ ਦੇ ਮਨ ਵਿਚ ਉਸ ਰੋਹ ਨੂੰ ਜਨਮ ਦੇਣ ਹਿੱਤ ਸਫਲ ਹੁੰਦਾ ਹੈ। ਜਿਸ ਬਿਨਾਂ ਸੁਧਾਰ ਪਰਿਵਰਤਨ ਤੇ ਕ੍ਰਾਂਤੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਸਮੁੱਚਤਾ ਸਹਿਤ ਪੇਸ਼ ਕਰਨਾ

✓ ਜੀਵਨ ਦੇ ਕਿਸੇ ਪੱਖ/ ਵਰਤਾਰੇ/ ਘਟਨਾ ਨੂੰ ਉਸ ਦੀ ਸਮੁੱਚਤਾ ਸਹਿਤ ਪੇਸ਼ ਕਰਨਾ ਵੀ ਯਥਾਰਥਵਾਦੀ ਸਾਹਿਤ ਦੀ ਖਾਸ ਵਿਸ਼ੇਸ਼ਤਾ ਹੈ। ਕਹਿਣ ਤੋਂ ਭਾਵ ਸਾਹਿਤਕਾਰ ਜਿਸ ਵੀ ਵਿਸ਼ੇ ਨੂੰ ਲੈ ਕੇ ਰਚਨਾ ਕਰਦਾ ਹੈ, ਉਸ ਦਾ ਇਕ ਭਰਵਾਂ ਭਰਪੂਰ ਤੇ ਮੁਕੰਮਲ ਚਿਤਰ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਕਿ ਉਸ ਦਾ ਯਥਾਰਥ ਪੂਰੀ ਤਰ੍ਹਾਂ ਸਪੱਸ਼ਟ ਹੋ ਸਕੇ। ਇਸ ਲਈ ਸਾਹਿਤਕਾਰ ਨੂੰ ਸੰਬੰਧਿਤ ਵਿਸ਼ੇ ਦਾ ਪੂਰਨ ਗਿਆਨ ਹੋਣਾ ਚਾਹੀਦਾ ਹੈ।

ਵਿਸ਼ੇ ਦੀ ਚੋਣ ਤੇ ਗਿਆਨ

✓ ਵਿਸ਼ੇ ਦੀ ਸਹੀ ਚੋਣ ਦੇ ਨਾਲ ਨਾਲ ਵਿਸ਼ਲੇਸ਼ਣੀ ਵਿਧੀ ਵੀ ਯਥਾਰਥਵਾਦੀ ਸਾਹਿਤ ਦਾ ਅਨਿੱਖੜ ਅੰਗ ਹੈ! ਵਿਸ਼ਲੇਸ਼ਣ ਰਾਹੀਂ ਮਸਲੇ ਦੀਆਂ ਕੁਲ ਪਰਤਾਂ ਦਾ ਸਹੀ ਗਿਆਨ ਹਾਸਲ ਹੁੰਦਾ ਹੈ, ਮਸਲੇ ਦੀ ਮੁਕੰਮਲ ਤਸਵੀਰ ਸਾਕਾਰ ਹੁੰਦੀ ਹੈ। ਇਹ ਵਿਧੀ ਇਸ ਕਰਕੇ ਸਾਹਿਤ ਦਾ ਅੰਗ ਬਣਦੀ ਹੈ ਕਿਉਂਕਿ ਸਮਾਜਿਕ ਵਿਸ਼ਲੇਸ਼ਣ ਨੂੰ ਇਥੇ ਪ੍ਰਮੁੱਖਤਾ ਹਾਸਲ ਹੈ!
ਡਾ. ਜੀਤ ਸਿੰਘ ਜੋਸ਼ੀ ਅਨੁਸਾਰ,

> "ਯਥਾਰਥਵਾਦ ਜੀਵਨ ਦੀ ਫੋਟੋਗ੍ਰਾਫੀ ਨਹੀਂ ਕਰਦਾ ਸਗੋਂ ਲੇਖਕ ਦੀ ਸਮਝ ਅਨੁਸਾਰ ਸਮਾਜਕ ਜੀਵਨ ਦੀ ਪੇਸ਼ਕਾਰੀ ਕਰਦਾ ਹੈ।"

(ਪੰਜਾਬੀ ਅਧਿਐਨ ਤੇ ਅਧਿਆਪਨ / 70)

ਪਰ ਇਸ ਵਿਸ਼ਲੇਸ਼ਣ ਵਿਚ ਵਾਧੂ ਤੇ ਬੇਲੋੜੇ ਵਿਸਥਾਰ ਦੀ ਕੋਈ ਥਾਂ ਨਹੀਂ ਹੁੰਦੀ! ਇਸ ਕਰਕੇ ਸੰਖੇਪ ਵਿਚ ਵਿਸ਼ੇ

ਚ ਮੁਕੰਮਲ ਚਿਤਰ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਡਾ. ਟੀ. ਆਰ. ਵਿਨੋਦ ਅਨੁਸਾਰ,

> "ਯਥਾਰਥਵਾਦੀ ਸਾਹਿਤਕਾਰ ਵਿਅਕਤੀ ਦੇ ਵਿਲੱਖਣ ਵਰਤਾਰਿਆਂ ਨਾਲੋਂ ਸਮਾਜ ਦੇ ਪ੍ਰਤੀਨਿਧ ਵਰਤਾਰਿਆਂ ਦੇ ਚਿਤਰਨ ਨੂੰ ਅਹਿਮ ਸਮਝਦਾ ਹੈ ਪਰ ਪ੍ਰਤੀਨਿਧ ਨੂੰ ਵੀ ਵਿਅਕਤੀ ਵਰਤਾਰਿਆਂ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ, ਕਿਉਂਕਿ ਯਥਾਰਥ ਦੀ ਪੇਸ਼ਕਾਰੀ ਦੀ ਸਾਹਿਤਕ ਜੁਗਤ ਇਹੀ ਹੈ।"

(ਖੋਜ ਪੱਤ੍ਰਿਕਾ: ਸਾਹਿਤਕ ਵਾਦ ਅੰਕ 32 / 7)

(ਸਾਹਿਤ ਦਾ ਨਾਇਕ (ਸਧਾਰਨ ਵਿਅਕਤੀ))

✓ ਯਥਾਰਥਵਾਦੀ ਸਾਹਿਤ ਦ੍ਰਿਸ਼ਟੀ ਨੇ ਸਧਾਰਨ ਮਨੁੱਖ ਨੂੰ ਸਾਹਿਤ ਦਾ ਨਾਇਕ ਬਣਾਇਆ। ਇਹ ਨਾਇਕ ਬਤੌਰ ਮਨੁੱਖੀ ਹੋਂਦ, ਮਨੁੱਖੀ ਸਮਰੱਥਾ ਤੋਂ ਬਾਹਰ ਅਜਿਹਾ ਕਰਮ ਨਹੀਂ ਕਰਦਾ ਜੋ ਮੰਨਣਯੋਗ ਨਾ ਹੋਵੇ। ਯਥਾਰਥਵਾਦੀ ਨਾਇਕ ਸਮੁੱਚੀ ਮਾਨਵਤਾ ਦਾ ਭਲਾ ਲੋਚਦਾ ਨਿੱਜ ਦੀ ਥਾਂ ਤੇ ਕੇਂਦਰਿਤ ਰਹਿੰਦਾ ਹੈ।

✓ ਉਪਰੋਕਤ ਦੇ ਪਰਿਪੇਖ ਵਿਚ ਯਥਾਰਥਵਾਦ ਉਹ ਦ੍ਰਿਸ਼ਟੀ ਹੈ ਜੋ ਅਜਿਹੇ ਕਿਸੇ ਵੀ ਮਤ ਨੂੰ ਮੂਲੋਂ ਰੱਦ ਕਰਦੀ ਹੈ ਜੋ ਕਿ ਆਸਥਾ ਅਧਾਰਿਤ, ਕਲਪਿਤ, ਮਨਘੜਤ ਤੇ ਗੈਰ ਵਿਗਿਆਨਕ ਹੋਵੇ।

## ਯਥਾਰਥਵਾਦ ਦੀਆਂ ਕਿਸਮਾਂ

1. ਪ੍ਰਕਿਰਤੀਵਾਦੀ ਯਥਾਰਥਵਾਦ
2. ਮਨੋਵਿਗਿਆਨਿਕ ਯਥਾਰਥਵਾਦ
3. ਆਲੋਚਨਾਤਮ ਯਥਾਰਥਵਾਦ
4. ਸਮਾਜਵਾਦੀ ਯਥਾਰਥਵਾਦ

ਇਨਾਂ ਵਿਚੋਂ ਪਹਿਲੀਆਂ ਦੋਹਾਂ ਕਿਸਮਾਂ ਨੂੰ ਯਥਾਰਥਵਾਦ ਦੇ ਅੰਤਰਗਤ ਮਾਨਤਾ ਨਹੀਂ ਦਿੱਤੀ ਜਾਂਦੀ ਕਿਉਂਕਿ ਇਹ ਯਥਾਰਥਵਾਦੀ ਦ੍ਰਿਸ਼ਟੀ ਦੇ ਮੂਲ ਸਿਧਾਂਤਾ ਦਾ ਪਾਲਣ ਨਹੀਂ ਕਰਦੀਆਂ। ਇਸ ਕਰਕੇ ਇਨ੍ਹਾਂ ਨੂੰ ਰੱਦ ਕਰਦਿਆਂ ਆਲੋਚਨਾਤਮਕ ਤੇ ਸਮਾਜਵਾਦੀ ਯਥਾਰਥਵਾਦ ਨੂੰ ਹੀ ਯਥਾਰਥਵਾਦ ਦੇ ਅਨੁਸਾਰੀ ਸਮਝਿਆ ਗਿਆ ਹੈ।

ਕ. ਪ੍ਰਕਿਰਤੀਵਾਦੀ ਯਥਾਰਥਵਾਦ: ਇਸ ਤਹਿਤ ਰਚੇ ਗਏ ਸਾਹਿਤ ਦੀ ਰਚਨਾਤਮਕ ਦ੍ਰਿਸ਼ਟੀ ਦੀਆਂ ਨਿਮਨਲਿਖਤ ਖਾਮੀਆਂ ਸਨ:

- ਪ੍ਰਕਿਰਤੀ / ਵਾਪਰਦੇ ਨੂੰ ਉਸ ਦੇ ਪ੍ਰਗਟ ਰੂਪ ਵਿਚ ਪੇਸ਼ ਕਰਦਿਆਂ ਵਸਤੂ ਦੇ ਬਾਹਰੀ ਰੂਪ ਨੂੰ ਹੀ ਉਸਦੇ ਸਮੁੱਚੇ ਯਥਾਰਥ ਵਜੋਂ ਗ੍ਰਹਿਣ ਕਰਨਾ।
- ਸਮਾਜਿਕ ਗੰਦ ਦੇ ਰੂਪ ਦੇ ਨਾਲ ਨਾਲ ਕਾਮ ਵਾਸਨਾਵਾ ਦੇ ਨੰਗੇ, ਖੁੱਲ੍ਹੇ ਤੇ ਸਪਾਟ ਵਰਣਨ ਨੂੰ ਯਥਾਰਥਵਾਦੀ ਦ੍ਰਿਸ਼ਟੀ ਵਜੋਂ ਸਥਾਪਿਤ ਕਰਨਾ।
- ਸਮਾਜ ਦੇ ਘਿਨਾਉਣੇ ਤੇ ਘ੍ਰਿਣਿਤ ਚਿਤਰਾਂ ਦਾ ਪ੍ਰਦਰਸ਼ਨ ਕਰਕੇ ਮੰਤੁਸ਼ਟ ਹੋ ਜਾਣਾ ਕਿਉਂਕਿ ਅਜਿਹੇ ਯਥਾਰਥ ਦੇ ਪਰਿਵਰਤਨ ਦੀ ਸੰਭਾਵਨਾਵਾਂ ਵਿਚ ਪ੍ਰਕਿਰਤੀਵਾਦੀ ਯਥਾਰਥਵਾਦ ਨੂੰ ਭਰੋਸਾ ਨਹੀਂ ਸੀ।
- ਮੂਲ ਪ੍ਰਵਿਰਤੀਆਂ ਨੂੰ ਮਨੁੱਖੀ ਵਿਹਾਰ ਦੀ ਸੰਚਾਲਕ ਸ਼ਕਤੀ ਵਜੋਂ ਵੇਖਦਾ, ਸਮਝਦਾ ਤੇ ਪੇਸ਼ ਕਰਦਾ ਸੀ।

ਡਾ. ਜੀਤ ਸਿੰਘ ਜੋਸ਼ੀ ਅਨੁਸਾਰ,

> "ਪ੍ਰਕਿਰਤੀਵਾਦੀ ਯਥਾਰਥਵਾਦ ਹਰ ਗੰਦੀ, ਅਸ਼ਲੀਲ ਤੇ ਘਿਨਾਉਣੀ ਭਰੇ ਵਰਤਾਰੇ ਦੀ ਪੇਸ਼ਕਾਰੀ ਨੂੰ ਉਚਿਤ ਸਮਝਦਾ ਹੈ।"

(ਪੰਜਾਬੀ ਆਲੋਚਨਾ ਤੇ ਅਧਿਆਪਨ / 70)

ਉਪਰੋਕਤ ਧਾਰਨਾਵਾਂ ਯਥਾਰਥਵਾਦ ਦੇ ਮੂਲ ਸੁਭਾ ਦੇ ਅਨੁਕੂਲ ਨਹੀਂ ਹੈ।

2) ਮਨੋਵਿਗਿਆਨਕ ਯਥਾਰਥਵਾਦ : ਇਹ ਵੰਨਗੀ ਵੀ ਯਥਾਰਥਵਾਦ ਵਿਚ ਪ੍ਰਵਾਨੀ ਨਹੀਂ ਗਈ। ਇਸ ਦ੍ਰਿਸ਼ਟੀ ਨੇ ਸਮੁੱਚਾ ਧਿਆਨ ਮਨੁੱਖੀ ਮਨ ਤੇ ਕੇਂਦਰਿਤ ਕਰਕੇ ਇਸ ਨੂੰ ਯਥਾਰਥ ਦਾ ਅਸਲੀ ਰੂਪ ਦੱਸਿਆ। ਮਨੋਵਿਗਿਆਨਕ ਯਥਾਰਥਵਾਦੀਆਂ ਦੀ ਮੁੱਖ ਧਾਰਨਾ ਇਹ ਹੈ ਕਿ ਯਥਾਰਥ ਬਾਹਰੀ ਜਗਤ ਵਿਚ ਨਹੀਂ ਮਨੁੱਖੀ ਮਨ ਅੰਦਰ ਵਾਸ ਕਰਦਾ ਹੈ। ਅਤੇ ਸਾਹਿਤ ਵਿਚ ਸਮਾਜ ਤੋਂ ਵਿਛੁੰਨੇ ਹੋਏ ਵਿਅਕਤੀ ਦੀ ਕੁੰਠਾ, ਇਕੱਲਤਾ, ਨਿਰਾਸ਼ਾ ਅਤੇ ਦੁਬਿਧਾ ਪੇਸ਼ ਹੋਈ। ਪਰਾਯਥਾਰਥਵਾਦ, ਅਸਤਿਤਵਵਾਦ, ਪ੍ਰਭਾਵਵਾਦ, ਫਰਾਇਡਵਾਦ, ਨਿਰਅਰਥਵਾਦ ਆਦਿ ਇਸ ਦੇ ਭੇਦ-ਉਪਭੇਦ ਹਨ।

ਜਾਰਜ ਲੁਕਾਸ ਅਨੁਸਾਰ,

"ਉਹ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਯਥਾਰਥਵਾਦੀ ਨਹੀਂ ਮੰਨਦਾ। ਉਹ ਇਨ੍ਹਾਂ ਸਭ ਰੂਪਾਂ ਨੂੰ ਆਧੁਨਿਕਵਾਦ ਦੇ ਅੰਤਰਗਤ ਸ਼ਾਮਲ ਕਰਦਾ ਹੈ ਅਤੇ ਆਧੁਨਿਕਵਾਦ ਨੂੰ ਯਥਾਰਥਵਾਦ ਦਾ ਵਿਰੋਧੀ ਆਖਦਾ ਹੈ।"

ਖੋਜ ਪੱਤ੍ਰਿਕਾ: ਸਾਹਿਤਕ ਵਾਦ ਅੰਕ 32/13)

ਇਸ ਪ੍ਰਕਾਰ ਯਥਾਰਥਵਾਦ ਦੇ ਮੂਲ ਸਿਧਾਂਤਾਂ ਉਤੇ ਪੂਰੇ ਉਤਰਨ ਵਾਲੇ ਦੋ ਹੀ ਰੂਪ ਰਹਿ ਜਾਂਦੇ ਹਨ— 'ਆਲੋਚਨਾਤਮਕ ਯਥਾਰਥਵਾਦ' ਅਤੇ 'ਸਮਾਜਵਾਦੀ ਯਥਾਰਥਵਾਦ'।

3) ਆਲੋਚਨਾਤਮਕ ਯਥਾਰਥਵਾਦ : ਇਹ ਯਥਾਰਥਵਾਦ ਦੇ ਮੂਲ ਚਰਿੱਤਰ ਦੀ ਅਨੁਸਾਰੀ ਦ੍ਰਿਸ਼ਟੀ ਹੈ। ਪੂੰਜੀਵਾਦੀ ਵਿਵਸਥਾ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਨ ਵਾਲੀ ਪਹੁੰਚ ਆਲੋਚਨਾਤਮਕ ਯਥਾਰਥਵਾਦ ਵਜੋਂ ਸਥਾਪਿਤ ਹੋਈ। ਯਥਾਰਥਵਾਦ ਇਹ ਰੂਪ 1789 ਈ. ਦੀ ਫਰਾਂਸੀਸੀ

ਕ੍ਰਾਂਤੀ ਤੋਂ ਬਹੁਤ ਪਿਛੋਂ ਹੋਂਦ ਵਿਚ ਆਇਆ ਜਦ ਪੂੰਜੀਵਾਦੀ ਪ੍ਰਬੰਧ ਦੇ ਸੁਤੰਤਰਤਾ, ਸਮਾਨਤਾ ਤੇ ਭਰਾਤਰੀ ਦੇ ਨਾਅਰੇ ਦੀ ਅਸਲੀਅਤ ਸਾਹਮਣੇ ਆਈ। ਪੂੰਜੀਵਾਦ ਨੇ ਇਹਨਾਂ ਨਾਅਰੇ ਨੇ ਸੁਤੰਤਰਤਾ, ਸਮਾਨਤਾ ਤੇ ਭਰਾਤਰੀ ਭਾਵਾਂ ਵਾਲੇ ਮਨੁੱਖ ਦੀ ਥਾਂ ਖੁਦਗਰਜ਼, ਲਾਲਚੀ ਤੇ ਸਵਾਰਥੀ ਮਨੁੱਖ ਨੂੰ ਜਨਮ ਦਿੱਤਾ ਜੋ ਨਿਜੀ ਖੁਸ਼ਹਾਲੀ ਤੇ ਖੁਸ਼ੀ ਲਈ ਦੂਸਰਿਆਂ ਦੀ ਲੁੱਟ ਕਰਨ ਦੇ ਆਦਰਸ਼ ਤੋਂ ਪ੍ਰੇਰਿਤ ਸੀ।

ਆਲੋਚਨਾਤਮਕ ਯਥਾਰਥਵਾਦੀਆਂ ਨੇ ਪੂੰਜੀਵਾਦੀ ਵਿਵਸਥਾ ਦੇ ਇਸ ਮਾਨਵ ਵਿਰੋਧੀ ਚਰਿੱਤਰ ਨੂੰ ਸਪਸ਼ਟ ਕਰਨ ਦੀ ਸਾਰਥਕ ਕੋਸ਼ਿਸ਼ ਕੀਤੀ ਪਰ ਇਸ ਤੋਂ ਸਦੀਵੀ ਮੁਕਤੀ ਦੀ ਕਿਸੇ ਸੰਭਾਵਨਾ ਨੂੰ ਇਹ ਸਾਹਿਤ ਉਜਾਗਰ ਨਾ ਕਰ ਸਕਿਆ। ਉਂਜ ਪੂੰਜੀਵਾਦੀ ਪ੍ਰਬੰਧ ਦੇ ਅੰਤਰ ਵਿਰੋਧਾਂ ਕਾਰਨ ਹੋਂਦ ਵਿਚ ਆਏ ਗਰਜ਼ ਅਧਾਰਿਤ ਅਮਾਨਵੀ ਵਿਗਾੜ ਦਾ ਯਥਾਰਥਕ ਚਿਤਰਣ ਇਸ ਸਾਹਿਤ ਦੀ ਵਿਸ਼ੇਸ਼ ਪ੍ਰਾਪਤੀ ਬਣਿਆ। ਜੀਤ ਸਿੰਘ ਜੋਸ਼ੀ ਅਨੁਸਾਰ,

> "ਆਲੋਚਨਾਤਮਕ ਯਥਾਰਥਵਾਦ ਜੀਵਨ ਦੀ ਵਾਸਤਵਿਕਤਾ ਨੂੰ ਪਰਖ ਪੜਚੋਲ ਕਰਕੇ ਪੇਸ਼ ਕਰਦਾ ਹੈ।"

(ਪੰਜਾਬੀ ਅਧਿਐਨ ਤੇ ਅਧਿਆਪਨ / 70)

4) ਸਮਾਜਵਾਦੀ ਯਥਾਰਥਵਾਦ: ਸਮਾਜਵਾਦੀ ਯਥਾਰਥਵਾਦੀ ਰਚਨਾਤਮਕ ਵਿਧੀ 1917 ਈ. ਦੇ ਰੂਸੀ ਸਮਾਜਵਾਦੀ ਇਨਕਲਾਬ ਤੋਂ ਪਿਛੋਂ ਹੋਂਦ ਵਿਚ ਆਈ। ਇਹ ਉਹ ਸਮਾਂ ਹੈ ਜਦ ਰੂਸ ਵਿਚ ਸ਼ੋਸ਼ਣ ਰਹਿਤ ਸਮਾਜਵਾਦੀ ਸਮਾਜ ਦੀ ਸਥਾਪਨਾ ਹੋਈ। ਇਸ ਪਰਿਵਰਤਨ ਨਾਲ ਬਦਲਦੇ ਯਥਾਰਥ ਨੂੰ ਸਮਝਣ ਤੇ ਪੇਸ਼ ਕਰਨ ਲਈ ਜੋ ਨਵੀਨ ਦ੍ਰਿਸ਼ਟੀ ਹੋਂਦ ਵਿਚ ਆਈ ਉਹ ਸਮਾਜਵਾਦੀ ਯਥਾਰਥਵਾਦੀ ਅਖਵਾਈ।

ਬੋਰਿਸ ਸੁਚਕੋਵ ਦੇ ਕਥਨ ਅਨੁਸਾਰ,

"ਯਥਾਰਥਵਾਦ ਦੇ ਵਿਕਾਸ ਵਿਚ ਇਹ ਸ਼ਾਮਲ ਸੀ ਕਿ ਇਹ ਇਕ ਨਵੀਂ ਸਿਰਜਣਾਤਮਕ ਵਿਧੀ ਨੂੰ ਜਨਮ ਦਿੰਦੇ ਜੋ ਸਮਾਜਵਾਦੀ ਆਧਾਰ ਉੱਤੇ ਸਮਾਜੀ ਸੰਬੰਧਾਂ ਦੇ ਸਮੁੱਚੇ ਢਾਂਚੇ ਨੂੰ ਪੁਨਰ ਸੰਗਠਿਤ ਕਰਨ ਦੀ ਤਿਆਰੀ ਕਰਦੇ ਹਨ।"

(ਡਾ: ਰਘਬੀਰ ਸਿੰਘ ਦੁਆਰਾ ਉਧਰਿਤ 'ਯਥਾਰਥ'/35)

ਸਮਾਜਵਾਦੀ ਯਥਾਰਥਵਾਦ ਦੀ ਪੈਦਾਵਾਰ ਰਚਨਾਤਮਕ ਵਿਧੀ ਦੀਆਂ ਵਿਸ਼ੇਸ਼ਤਾਵਾਂ :

- ਸਮਾਜਵਾਦੀ ਯਥਾਰਥਵਾਦ ਰਚਨਾਕਾਰ ਤੋਂ ਇਸ ਗੱਲ ਦੀ ਆਸ ਰੱਖਦਾ ਹੈ ਕਿ ਉਹ ਸਮਾਜਿਕ ਵਿਕਾਸ ਦੇ ਨੇਮਾਂ ਨੂੰ ਉਨ੍ਹਾਂ ਦੀ ਮੂਲ ਦਵੰਦਾਤਮਕਤਾ ਵਿਚ ਪਰਖੇ ਤੇ ਪਛਾਣੇ!
- ਕਿਸੇ ਵੀ ਸਮੱਸਿਆ ਦਾ ਸਦੀਵੀ ਹੱਲ ਸਮਾਜਵਾਦ ਇਨਕਲਾਬ ਵਿਚ ਵੇਖਦਾ ਹੈ।
- ਸਮਾਜਵਾਦੀ ਯਥਾਰਥਵਾਦ ਸ਼ੋਸ਼ਿਤ ਵਰਗ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਾਉਂਦਾ ਹੋਇਆ ਆਪਣੇ ਮਸਲੇ ਆਪ ਹੱਲ ਕਰਨ ਦਾ ਵਿਸ਼ਵਾਸ ਜਗਾਉਂਦਾ ਹੈ,
- ਸਮਾਜਵਾਦੀ ਯਥਾਰਥਵਾਦ ਵਰਤਮਾਨ ਸ਼੍ਰੇਣੀ ਸਮਾਜ ਅਤੇ ਸ਼੍ਰੇਣੀ ਰਹਿਤ ਸਮਾਜਵਾਦੀ ਸਮਾਜ ਦੇ ਸਰੂਪ ਦੇ ਦਰੁੱਸਤ ਚਿੱਤਰਨ ਦੀ ਮੰਗ ਕਰਦਾ ਹੈ ਅਤੇ ਲੋਕਾਂ ਦੇ ਟਕਰਾਓ ਪ੍ਰਕਿਰਿਆ ਦੇ ਵਿਸਤਾਰ ਚਿਤਰਨ ਦੀ ਵੀ ਆਸ ਰੱਖਦਾ ਹੈ।

ਪੰਜਾਬੀ ਸਾਹਿਤ ਵਿਚ ਯਥਾਰਥਵਾਦ : 1935 ਈ. ਤੋਂ ਪਿਛੋਂ ਪ੍ਰਗਤੀਵਾਦੀ ਸਾਹਿਤ-ਧਾਰਾ ਦੇ ਪ੍ਰਭਾਵਾਂ ਸਦਕਾ ਪੰਜਾਬੀ ਸਾਹਿਤ ਵਿਚ ਵੀ ਯਥਾਰਥਵਾਦੀ

ਤੱਤਾਂ ਦਾ ਪ੍ਰਵੇਸ਼ ਹੋਇਆ। ਕਵਿਤਾ ਦੇ ਖੇਤਰ ਵਿਚ ਇਹ ਤੱਤ ਅੰਮ੍ਰਿਤਾ-ਮੋਹਨ ਸਿੰਘ ਦੇ ਕਾਵਿ ਵਿਚ ਉਜਾਗਰ ਹੋਏ। ਅਤੇ ਅਜ਼ਾਦੀ ਤੋਂ ਉਪਰੰਤ ਇਸ ਧਾਰਾ ਦੇ ਕਵੀਆਂ ਦੀ ਸੰਖਿਆ ਵਿਚ ਲਗਾਤਾਰ ਵਾਧਾ ਹੋਇਆ।

ਪੰਜਾਬੀ ਗਲਪ ਸਾਹਿਤ ਜਾਂ ਨਾਟਕ ਕਵਿਤਾ ਨਾਲੋਂ ਵਧੇਰੇ ਜਥਾਰਥਵਾਦੀ ਰਹੇ ਹਨ। ਇਹਨਾਂ ਵਿਚ ਜਥਾਰਥਵਾਦੀ ਰਚਨਾ-ਦ੍ਰਿਸ਼ਟੀ ਦੇ ਕਈ ਰੂਪ ਉਜਾਗਰ ਹੋਏ ਹਨ, ਨਾਨਕ ਸਿੰਘ-ਕੇਂਦਰ ਪਰੰਪਰਾ ਦੇ ਨਾਵਲਾਂ ਵਿਚ ਜਥਾਰਥ ਦੀ ਪੇਸ਼ਕਾਰੀ ਰੋਮਾਂਟਿਕ-ਆਦਰਸ਼ਵਾਦੀ ਦ੍ਰਿਸ਼ਟੀ ਤੋਂ ਹੋਈ ਜਦ ਕਿ ਨਰੂਲਾ, ਸੇਖੋਂ ਅਤੇ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਆਲੋਚਨਾਤਮਕ ਜਥਾਰਥਵਾਦ ਦੇ ਦੀਦਾਰ ਹੁੰਦੇ ਹਨ।

ਪੰਜਾਬੀ ਕਹਾਣੀ ਦੇ ਖੇਤਰ ਵਿਚ ਨਾਨਕ ਸਿੰਘ ਅਤੇ ਗੁਰਬਖਸ਼ ਸਿੰਘ ਨੂੰ ਰੋਮਾਂਟਿਕ ਜਥਾਰਥਵਾਦ ਦੇ ਮੋਢੀ ਮਿਥਿਆ ਜਾ ਸਕਦਾ ਹੈ ਜਦ ਕਿ ਸੇਖੋਂ ਅਤੇ ਸੁਜਾਨ ਸਿੰਘ ਨੂੰ ਆਲੋਚਨਾਤਮਕ ਜਥਾਰਥਵਾਦ ਦੇ ਸੰਸਥਾਪਕ ਕਿਹਾ ਜਾ ਸਕਦਾ ਹੈ। ਇਸ ਪ੍ਰਕਾਰ ਪੰਜਾਬੀ ਸਾਹਿਤ ਵਿਚ ਜਥਾਰਥਵਾਦ ਦੀ ਰਚਨਾ ਦ੍ਰਿਸ਼ਟੀ ਕਾਫੀ ਸਾਰਥਕ ਰਹੀ ਹੈ।

ਉਪਰੋਕਤ ਵਿਚਾਰ ਅਤੇ ਪਰਿਭਾਸ਼ਾਵਾਂ ਦੇ ਅਧਾਰ ਤੇ ਨਿਰਸੰਦੇਹ ਹੀ ਕਿਹਾ ਜਾ ਸਕਦਾ ਹੈ ਕਿ ਜਥਾਰਥਵਾਦ ਉਹ ਦ੍ਰਿਸ਼ਟੀ ਹੈ ਜੋ ਅਜਿਹੇ ਸੱਤਾ ਨੂੰ ਸਵੀਕਾਰ ਨਹੀਂ ਕਰਦੀ ਜੋ ਆਸ, ਕਲਪਨਾ, ਮਨਘੜਤ ਅਤੇ ਅਵਿਗਿਆਨ ਉੱਤੇ ਅਧਾਰਿਤ ਹੁੰਦੇ ਹਨ। ਵਿਗਿਆਨਕ ਅਧਾਰ ਤੇ ਇਹ ਤਰਕ ਤੇ ਦਲੀਲ ਉਪਰ ਅਧਾਰਿਤ ਹੁੰਦਾ ਹੈ। ਵਾਪਰਦੇ ਨੂੰ ਕਾਰਜ ਕਾਰਨ ਸੰਬੰਧਿਤ ਦੇਖਣ, ਜੀਵਨ ਦੀ ਗਤੀਸ਼ੀਲਤਾ ਵਿਚ ਪੂਰਨ ਵਿਸ਼ਵਾਸ, ਇਸੇ ਨੂੰ ਸਮੱਗਰੀ ਸਹਿਤ ਪੇਸ਼ ਕਰਨਾ, ਆਸ਼ਾਵਾਦੀ ਦ੍ਰਿਸ਼ਟੀਕੋਣ ਆਦਿ ਇਸਦੇ ਪ੍ਰਮੁੱਖ ਲੱਛਣ ਹਨ।

..............